# ਪੰਜਾਬ ਵਿਧਾਨ ਸਭਾ

## ਸੱਤਵਾਂ ਸਮਾਗਮ

## ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

## 04 ਸਤੰਬਰ 2024

----

**ਕੁੱਲ ਪ੍ਰਸ਼ਨ - 18**

----

**ਫਰੀਦਕੋਟ ਸ਼ਹਿਰ (ਅਨੰਦੇਆਣਾ ਗੇਟ ਤੋਂ ਬਾਜੀਗਰ ਬਸਤੀ ਚੌਂਕ ਤੱਕ) ਵਿੱਚ ਸਾਈਕਲ ਟਰੈਕ ਬਣਾਉਣਾ**

**416** **ਸ. ਗੁਰਦਿੱਤ ਸਿੰਘ (ਫਰੀਦਕੋਟ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :=**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਸ਼ਹਿਰ ਵਿੱਚ (ਅਨੰਦੇਆਣਾ ਗੇਟ ਤੋਂ ਬਾਜੀਗਰ ਬਸਤੀ ਚੌਂਕ ਤੱਕ) ਇੱਕ ਗੰਦਾ ਨਾਲਾ ਵੱਗਦਾ ਸੀ, ਜਿਸ ਨੂੰ ਹੁਣ ਨਗਰ ਕੌਂਸਲ ਵੱਲੋਂ ਬੰਦ ਕਰਕੇ ਉਸਦੀ ਜਗ੍ਹਾ ਤੇ ਗੰਦੇ ਪਾਣੀ ਦੀ ਨਿਕਾਸੀ ਲਈ ਪਾਈਪਾਂ ਪਾ ਦਿੱਤੀਆਂ ਹਨ ਅਤੇ ਹਾਲ ਦੀ ਘੜੀ ਇਹ ਜਗ੍ਹਾ ਕਿਸੇ ਵੀ ਵਰਤੋਂ ਵਿੱਚ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਲਾਕੇ ਦੇ ਲੋਕਾਂ ਲਈ ਇੱਥੇ ਸਾਇਕਲ ਟਰੈਕ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਫਰੀਦਕੋਟ ਹਲਕੇ ਨੂੰ ਡਾਰਕ ਜੋਨ(ਸੇਮ ਵਾਲੇ ਏਰੀਏ) ਵਿੱਚੋਂ ਕੱਢਣਾ**

**419** **ਸ. ਗੁਰਦਿੱਤ ਸਿੰਘ (ਫਰੀਦਕੋਟ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ :=**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਹਲਕੇ ਨੂੰ ਡਾਰਕ ਜੋਨ (ਸੇਮ ਵਾਲਾ ਏਰੀਆ) ਵਿੱਚ ਰੱਖਿਆ ਗਿਆ ਹੈ; ਜੇਕਰ ਅਜਿਹਾ ਹੈ ਤਾਂ ਸਰਕਾਰ ਵੱਲੋਂ ਫਰੀਦਕੋਟ ਹਲਕੇ ਨੂੰ ਡਾਰਕ ਜੋਨ ਵਿੱਚੋਂ ਕੱਢਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ?

----

**ਮਲੌਦ ਤੋਂ ਅੰਮ੍ਰਿਤਸਰ ਸਾਹਿਬ ਲਈ ਬੱਸ ਸਰਵਿਸ ਦੁਬਾਰਾ ਸ਼ੁਰੂ ਕਰਨਾ**

**422** ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :=** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਲੌਦ ਤੋਂ ਅੰਮ੍ਰਿਤਸਰ ਸਾਹਿਬ ਲਈ ਕੋਈ ਸਰਕਾਰੀ ਬੱਸ ਸਰਵਿਸ ਚੱਲਦੀ ਹੈ ;ਜੇਕਰ ਨਹੀਂ ਤਾਂ ਇਹ ਬੱਸ ਸਰਵਿਸ ਦੁਬਾਰਾ ਕਦੋਂ ਸ਼ੁਰੂ ਕੀਤੀ ਜਾਵੇਗੀ?

----

**ਮੁਗਲ ਸਰਾਏ ਦੋਰਾਹਾ ਦਾ ਸੁੰਦਰੀਕਰਨ ਕਰਨਾ**

**426** ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ :-**

ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਮੁਗਲ ਸਰਾਏ, ਦੋਰਾਹਾ ਦਾ ਜੋ ਸੁੰਦਰੀਕਰਨ ਦਾ ਕੰਮ ਕੀਤਾ ਜਾ ਰਿਹਾ ਸੀ, ਉਹ ਹੁਣ ਨਹੀਂ ਹੋ ਰਿਹਾ; ਜੇਕਰ ਅਜਿਹਾ ਹੈ ਤਾਂ ਮੁਗਲ ਸਰਾਏ ਦੋਰਾਹਾ ਦੇ ਸੁੰਦਰੀਕਰਨ ਦਾ ਕੰਮ ਕਦੋਂ ਤੱਕ ਦੁਬਾਰਾ ਸ਼ੁਰੂ ਕੀਤਾ ਜਾਵੇਗਾ;

ਅ) ਉਪਰੋਕਤ ਕੰਮ ਵਿੱਚ ਦੇਰੀ ਕਰਨ ਵਾਲੇ ਠੇਕੇਦਾਰ ਖਿਲਾਫ ਕੀ ਕਾਰਵਾਈ ਕੀਤੀ ਜਾ ਰਹੀ ਹੈ ; ਵੇਰਵੇ ਸਹਿਤ ਦੱਸਿਆ ਜਾਵੇ?

----

**ਸੀ.ਐਚ.ਸੀ ਮਲੌਦ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ**

**427** ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :=** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੀ.ਐਚ.ਸੀ. ਮਲੌਦ ਵਿਖੇ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਕੀ ਇਹਨਾਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਹਲਕਾ ਪਾਇਲ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨਾ**

**428** ਸ. ਮਨਵਿੰਦਰ ਸਿੰਘ ਗਿਆਸਪੁਰਾ(ਪਾਇਲ) :

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਪਾਇਲ ਵਿੱਚ ਕਿੰਨੇ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਹਨ, ਜਿਨ੍ਹਾਂ ਵਿੱਚ ਅਧਿਆਪਕਾਂ ਦੀ ਗਿਣਤੀ ਤਿੰਨ ਜਾਂ ਤਿੰਨ ਤੋਂ ਵੀ ਘੱਟ ਹੈ; ਜੇਕਰ ਅਜਿਹਾ ਹੈ ਤਾਂ ਇਹਨਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਕਦੋਂ ਤੱਕ ਪੂਰੀ ਕੀਤੀ ਜਾਵੇਗੀ ?

----

## ਪਿੰਡਾਂ ਵਿੱਚ ਲੋਕਾਂ ਦੇ ਘਰਾਂ ਦੇ ਉੱਪਰੋਂ ਲੰਘਦੀਆਂ ਹਾਈ ਵੋਲਟੇਜ ਤਾਰਾਂ ਹਟਾਉਣਾ

433 **ਸ. ਲਾਭ ਸਿੰਘ ਉਗੋਕੇ (ਭਦੌੜ):**

**ਲੋਕ ਨਿਰਮਾਣ, ਬਿਜਲੀ :=**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭਦੌੜ ਦੇ ਜ਼ਿਆਦਾਤਰ ਪਿੰਡਾਂ ਵਿੱਚ ਘਰਾਂ ਦੇ ਉੱਪਰ ਦੀ ਹਾਈ ਵੋਲਟੇਜ 11 KV ਅਤੇ 66 KV ਤਾਰਾਂ ਲੰਘਦੀਆਂ ਹਨ ਅਤੇ ਕਈ ਪਿੰਡਾਂ ਵਿੱਚ ਤਾਂ ਘਰਾਂ ਦੇ ਵਿੱਚ ਟ੍ਰਾਂਸਫਾਰਮਰ ਲੱਗੇ ਹੋਏ ਹਨ ਅਤੇ ਇਹਨਾਂ ਤਾਰਾਂ ਅਤੇ ਟਰਾਂਸਫਾਰਮਰਾਂ ਕਾਰਨ ਹੁਣ ਤੱਕ ਕਈ ਜਾਨਲੇਵਾ ਹਾਦਸੇ ਵੀ ਵਾਪਰ ਚੁੱਕੇ ਹਨ; ਜੇਕਰ ਅਜਿਹਾ ਹੈ ਤਾਂ ਕੀ ਇਸ ਸਮੱਸਿਆ ਦੇ ਹੱਲ ਸਬੰਧੀ ਸਰਕਾਰ ਵੱਲੋਂ ਕਿਸੇ ਤਰ੍ਹਾਂ ਦੇ ਕਦਮ ਉਠਾਏ ਜਾ ਰਹੇ ਹਨ ਤਾਂ ਜ਼ੋ ਇਹਨਾਂ ਤਾਰਾਂ ਅਤੇ ਟਰਾਂਸਫਾਰਮਰਾਂ ਕਾਰਨ ਹੁੰਦੇ ਹਾਦਸਿਆਂ ਨੂੰ ਰੋਕਿਆ ਜਾ ਸਕੇ?

----

## ਸਰਕਾਰ ਦੁਆਰਾ ਕੇਸਾਂ ਲਈ ਨਿਯੁਕਤ ਕੀਤੇ ਨਿੱਜੀ ਵਕੀਲਾਂ ਦੇ ਵੇਰਵੇ

435 **ਸ. ਪ੍ਰਗਟ ਸਿੰਘ ਪੋਆਰ (ਜਲੰਧਰ ਕੈਂਟ):**

**ਮੁੱਖ ਮੰਤਰੀ :=**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ, 2022 ਤੋਂ ਸਰਕਾਰ ਦੁਆਰਾ ਆਪਣੇ ਕੇਸਾਂ ਲਈ ਨਿਯੁਕਤ ਕੀਤੇ ਗਏ ਨਿੱਜੀ ਵਕੀਲਾਂ ਦੀ ਗਿਣਤੀ ਅਤੇ ਨਾਮ ਕੀ ਹਨ; ਇਹਨਾਂ ਵਕੀਲਾਂ ਨੂੰ ਸਰਕਾਰ ਦੁਆਰਾ ਕੇਸ-ਵਾਰ ਅਤੇ ਵਕੀਲ-ਵਾਰ ਅਦਾ ਕੀਤੀ ਕੁੱਲ ਰਕਮ ਕਿੰਨੀ ਹੈ ਅਤੇ ਲੜੇ ਗਏ ਕੇਸਾਂ ਦੇ ਕੇਸ ਵਾਈਜ਼ ਨਤੀਜੇ ਕੀ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

----

## ਪੰਜਾਬ ਵਿੱਚ ਜਾਤੀ ਅਧਾਰਿਤ ਜਨਗਣਨਾ ਕਰਵਾਉਣਾ

437 **ਸ. ਲਾਭ ਸਿੰਘ ਉਗੋਕੇ (ਭਦੌੜ):**

**ਮੁੱਖ ਮੰਤਰੀ :=** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਵਿੱਚ ਜਾਤੀ ਅਧਾਰਿਤ ਜਨਗਣਨਾ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਹੈ ਤਾਂ ਕਦੋਂ ਤੱਕ?

----

## ਮਨਿਸਟਰੀਅਲ ਸਟਾਫ ਲਈ ਈ.ਟੀ.ਓ. ਦੀ ਪਦਉਨਤੀ ਦਾ ਕੋਟਾ ਮੁੜ ਬਹਾਲ ਕਰਨਾ

438 **ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂ ਕਰਨ, ਆਬਕਾਰੀ ਅਤੇ ਕਰ :-**

ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੈ ਕਿ ਆਬਕਾਰੀ ਤੇ ਕਰ ਵਿਭਾਗ ਵਿੱਚ ਈ.ਟੀ.ਓ. ਦੀ ਪਦਉਨਤੀ ਲਈ ਮਨਿਸਟਰੀਅਲ ਸਟਾਫ ਦੇ ਹਿੱਸੇ 12.5 ਪ੍ਰਤੀਸ਼ਤ ਕੋਟਾ ਮੌਜੂਦ ਸੀ ਜੋ ਕਿ ਸਾਲ 2012 ਵਿੱਚ ਸਰਕਾਰ ਨੇ ਵਾਪਸ ਲੈ ਕੇ ਸਾਰਾ ਕੋਟਾ ਇੰਸਪੈਕਟਰਾਂ ਨੂੰ ਦੇ ਦਿੱਤਾ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਮਨਿਸਟਰੀਅਲ ਸਟਾਫ ਨੂੰ ਈ.ਟੀ.ਓ. ਦੀ ਪਦਉਨਤੀ ਦਾ ਕੋਟਾ ਮੁੜ ਬਹਾਲ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਪਦਉਨਤੀ ਦਾ ਕਿੰਨੇ ਪ੍ਰਤੀਸ਼ਤ ਕੋਟਾ ਦਿੱਤਾ ਜਾਵੇਗਾ ਅਤੇ ਕਦੋਂ ;

ਅ) ਜੇਕਰ ਉਪਰੋਕਤ (ੳ) ਦਾ ਉੱਤਰ ਨਾ ਵਿੱਚ ਹੋਵੇ ਤਾਂ ਕੋਟਾ ਬੰਦ ਕਰਦੇ ਸਮੇਂ ਗਵਰਨਿੰਗ ਕੌਂਸਲ ਦੇ ਫੈਸਲੇ ਅਨੁਸਾਰ ਇਸ ਬੰਦ ਹੋਏ ਕੋਟੇ ਦੇ ਇਵਜ਼ ਵਿੱਚ ਮਨਿਸਟਰੀਅਲ ਸਟਾਫ ਨੂੰ ਤਰੱਕੀ ਦੇ ਹੋਰ ਕੀ ਕੀ ਮੌਕੇ ਦਿੱਤੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

## ਪਸ਼ੂ ਧਨ ਵਧਾਉਣ ਲਈ ਕੀਤੇ ਜਾ ਰਹੇ ਉਪਰਾਲੇ

**440 ਸ. ਲਾਭ ਸਿੰਘ ਉਗੋਕੇ (ਭਦੌੜ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :=**
ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਇਸ ਵੇਲੇ ਦੁਧਾਰੂ ਪਸ਼ੂਆਂ ਦੀ ਗਿਣਤੀ ਕਿੰਨੀ ਹੈ, ਅਤੇ ਇਸ ਗਿਣਤੀ ਨੂੰ ਵਧਾਉਣ ਲਈ ਸਰਕਾਰ ਬੇਰੁਜ਼ਗਾਰਾਂ ਜਾਂ ਪਸ਼ੂ ਪਾਲਕਾਂ ਨੂੰ ਕਿਹੜੇ ਕਿਹੜੇ ਲੋਨ ਮੁਹੱਈਆ ਕਰਵਾ ਰਹੀ ਹੈ, ਖ਼ਾਸ ਕਰਕੇ ਅਨਸੂਚਿਤ ਜਾਤੀ ਦੇ ਲੋਕਾਂ ਲਈ; ਵੇਰਵੇ ਸਹਿਤ ਦੱਸਿਆ ਜਾਵੇ ?

----

## ਸਰਕਾਰੀ ਸਕੂਲਾਂ ਵਿੱਚ ਖੇਤੀਬਾੜੀ ਸਬੰਧੀ ਵਿਸ਼ਾ ਸ਼ੁਰੂ ਕਰਵਾਉਣਾ

**441 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-**
ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਖੇਤੀਬਾੜੀ ਨਾਲ ਸਬੰਧਤ ਵਿਸ਼ਾ ਕਦੋਂ ਅਤੇ ਕਿਉਂ ਬੰਦ ਕੀਤਾ ਗਿਆ;

ਅ) ਇਸ ਸਮੇਂ ਰਾਜ ਦੇ ਸਰਕਾਰ ਸਕੂਲਾਂ ਵਿੱਚ ਖੇਤੀਬਾੜੀ ਨਾਲ ਸਬੰਧਤ ਅਧਿਆਪਕਾਂ ਦੀਆਂ ਕਿੰਨੀਆ ਅਸਾਮੀਆਂ ਖਾਲੀ ਹਨ ਅਤੇ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

----

## ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਸਪੋਰਟਸ ਅਧਿਆਪਕਾਂ ਦੇ ਵੇਰਵੇ

**442 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-**
ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਦਸਵੀਂ ਤੱਕ ਹਰ ਸਕੂਲ ਵਿੱਚ ਸਪੋਰਟਸ ਦਾ

ਇੱਕ ਪੀਰੀਅਡ ਲਾਜਮੀ ਹੁੰਦਾ ਹੈ, ਪ੍ਰੰਤੂ ਬਹੁਤ ਸਾਰੇ ਸਕੂਲਾਂ ਵੱਲੋਂ ਵਿਦਿਆਰਥੀਆਂ ਨੂੰ ਸਪੋਰਟਸ ਗਤੀਵਿਧੀਆਂ ਨਹੀਂ ਕਰਵਾਈਆਂ ਜਾਂਦੀਆਂ;

ਅ) ਇਸ ਸਮੇਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕਿੰਨੇ ਸਪੋਰਟਸ ਅਧਿਆਪਕ ਕੰਮ ਕਰ ਰਹੇ ਅਤੇ ਕਿੰਨੀਆਂ ਪੋਸਟਾਂ ਖਾਲੀ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

**ਕਬਜ਼ੇ ਵਾਲੀਆਂ ਪੰਚਾਇਤੀ ਜ਼ਮੀਨਾਂ ਨੂੰ ਛੁਡਵਾਉਣਾ**

**444 ਸ. ਲਾਭ ਸਿੰਘ ਉਗੋਕੇ (ਭਦੌੜ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :=**

ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਭਦੌੜ ਵਿੱਚ ਕਿੰਨੀਆਂ ਪੰਚਾਇਤੀ ਜ਼ਮੀਨਾਂ ਤੇ ਨਾਜਾਇਜ਼ ਕਬਜ਼ੇ ਸਨ; ਉਹਨਾਂ ਵਿੱਚੋਂ ਕਿੰਨੀਆਂ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਛੁਡਾਇਆ ਗਿਆ ਹੈ ਅਤੇ ਬਾਕੀ ਰਹਿੰਦੀਆਂ ਜ਼ਮੀਨਾਂ ਨੂੰ ਕਦੋਂ ਤੱਕ ਛੁੱਡਵਾ ਲਿਆ ਜਾਵੇਗਾ ?

----

**ਹਲਕਾ ਅਬੋਹਰ ਦੇ ਰੱਦ ਕੀਤੇ ਰਾਸ਼ਨ ਕਾਰਡ ਬਹਾਲ ਕਰਨਾ**

**454 ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ :=**

ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਅਬੋਹਰ ਦੇ ਕਿੰਨੇ ਰਾਸ਼ਨ ਕਾਰਡ ਰੱਦ ਕੀਤੇ ਹਨ; ਉਹ ਕਦੋਂ ਤੱਕ ਬਹਾਲ ਕੀਤੇ ਜਾਣਗੇ ?

----

**ਵਾਟਰ ਵਰਕਸ ਮੁਕੰਮਲ ਕਰਨ ਬਾਰੇ।**

**455 ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ :=**

ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਖੁਈਆਂ ਸਰਵਰ-ਤੇਲੂਪੁਰਾ ਵਿੱਚ ਕੁੱਲ 6.61 ਕਰੋੜ ਰੁਪਏ ਦੀ ਲਾਗਤ ਦੇ ਵਾਟਰ ਵਰਕਸ, ਜੋ ਕਿ ਉਸਾਰੀ ਅਧੀਨ ਹਨ ਅਤੇ ਵਾਟਰ ਸਟੋਰੇਜ ਟੈਂਕ ਦੀ ਉਸਾਰੀ ਤੇ ਲਗਭਗ 3.80 ਕਰੋੜ ਰੁਪਏ ਦਾ ਜੋ ਕੰਮ ਪੈਡਿੰਗ ਪਿਆ ਹੈ, ਨੂੰ ਕਦੋਂ ਤੱਕ ਮੁਕੰਮਲ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

----

**ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵੱਲ ਆਯੁਸ਼ਮਾਨ ਦੀ ਅਦਾਇਗੀਆਂ ਦੇ ਵੇਰਵੇ**

**456 ਸ. ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:-

ੳ) ਸਰਕਾਰ ਦੀ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵੱਲ ਆਯੁਸ਼ਮਾਨ ਦੀ ਅਦਾਇਗੀਆਂ ਵਜੋਂ ਵੱਖ-ਵੱਖ ਅਤੇ ਹਸਪਤਾਲ-ਵਾਰ ਹੁਣ ਤੱਕ ਕੁੱਲ ਕਿੰਨੀ ਦੇਣਦਾਰੀ ਹੈ ;

ਅ) ਅਦਾਇਗੀਆਂ ਵਿੱਚ ਦੇਰੀ ਦੇ ਕੀ ਕਾਰਣ ਹਨ ਅਤੇ ਇਹ ਸਾਰੀਆਂ ਅਦਾਇਗੀਆਂ ਕਦੋਂ ਤੱਕ ਕਰ ਦਿੱਤੀਆਂ ਜਾਣਗੀਆਂ ?

----

## ਸਬ ਸੈਂਟਰ ਦੀ ਬਿਲਡਿੰਗ ਦੀ ਮੁਰੰਮਤ ਅਤੇ ਚਾਰਦੁਆਰੀ ਕਰਨਾ

**457 ਸ਼੍ਰੀ ਨਰੇਸ਼ ਕਟਾਰੀਆ (ਜੀਰਾ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :=**

ਕੀ ਸਿਹਤ ਆਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜੀਰਾ ਦੇ ਕਸਬਾ ਮੱਖੂ ਅਤੇ ਮੱਲਾਂਵਾਲਾ ਵਿੱਚ ਹੈਲਥ ਸਬ ਸੈਂਟਰ ਦੀ ਬਿਲਡਿੰਗ ਦੀ ਮੁਰੰਮਤ ਅਤੇ ਚਾਰਦੁਆਰੀ ਨਵੀਂ ਬਣਨ ਵਾਲੀ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਬਣ ਜਾਵੇਗੀ?

----

**ਚੰਡੀਗੜ੍ਹ, 160001.** **ਰਾਮ ਲੋਕ ਖਟਾਣਾ,**

**ਮੰਗਲਵਾਰ 03 ਸਤੰਬਰ 2024.** **ਸਕੱਤਰ**